# ਪ੍ਰੈਸ ਨੋਟ

ਗਿਆਨੀ ਜ਼ੈਲ ਸਿੰਘ ਕੈਂਪਸ ਕਾਲਜ ਆਫ ਇੰਜ: ਐਂਡ ਟੈਕਨਾਲੋਜੀ, ਮ.ਰ.ਸ.ਪ.ਟ.ਯੂ., ਬਠਿੰਡਾ ਦੇ ਸਿਵਲ ਇੰਜ: ਵਿਭਾਗ ਵਲੋਂ ਮਿਤੀ 22 ਅਕਤੂਬਰ, 2016 ਨੂੰ ਬੀ.ਟੈਕ. ਕੋਰਸ ਦੇ ਦੂਜੇ ਅਤੇ ਚੌਥੇ ਸਾਲ ਦੇ ਵਿਦਿਆਰਥੀਆਂ ਲਈ 1 ਰੋਜ਼ਾ ਇੰਡਸਟੀਰੀਅਲ ਵਿਜਿਟ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਕੰਨਸਟਰਕਸ਼ਨ ਸਾਈਟਸ ਤੋਂ ਇਲਾਵਾ ਅੰ੍ਰਮਿਤਸਰ ਵਿਖੇ ਚੱਲ ਰਹੇ "Beautification of Galleyara" ਅਤੇ ਹਰੀਕੇ ਬੰਨ੍ਹ ਪ੍ਰੋਜੈਕਟਸ ਦਾ ਦੌਰਾ ਕਰਵਾਇਆ ਗਿਆ। ਇਸ ਵਿਜਿਟ ਵਿੱਚ ਅਧਿਆਪਕ ਵਰਗ ਦੇ ਇੰਜ: ਸਮਿਤਾ ਗਰਗ, ਇੰਜ: ਪਰਮਵੀਰ ਸਿੰਘ, ਇੰਜ: ਗਗਨਦੀਪ ਸਿੰਘ ਦੀ ਅਗਵਾਈ ਵਿੱਚ 150 ਵਿਦਿਆਰਥੀਆਂ ਨੇ ਹਿੱਸਾ ਲਿਆ।

ਇਸ ਦੌਰੇ ਦੌਰਾਨ ਵਿਦਿਆਰਥੀਆਂ ਨੇ ਅੰ੍ਰਮਿਤਸਰ ਵਿਖੇ ਚੱਲ ਰਹੇ ਵੱਖ-ਵੱਖ ਕੰਕਰੀਟ ਸਟਰਕਚਰ ਨਿਰਮਾਣ ਕਾਰਜਾਂ ਅਤੇ ਸਤਲੁਜ ਦਰਿਆ ਉੱਪਰ ਚੱਲ ਰਹੇ ਹਰੀਕੇ "Diversion Head" ਪ੍ਰੋਜੈਕਟ ਨੂੰ ਦੇਖਿਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ Flood Gates, Cross Regulator, and Head Regulator, Silt Excluder and Diverting Canalas ਅਤੇ ਸਾਰੇ ਹੈਡ ਵਰਕਸ ਦੀ ਸਟੱਡੀ ਦੇ ਅਧਿਐਨ ਕਰਨ ਦਾ ਮੌਕਾ ਮਿਲਿਆ।

ਪ੍ਰੋਫੈਸ਼ਰ ਮਨਜੀਤ ਬਾਂਸਲ (ਸਿਵਲ ਇੰਜ: ਵਿਭਾਗ) ਨੇ ਅਧਿਆਪਕ ਸਾਹਿਬਾਨਾਂ ਦੇ ਇਸ ਉਪਰਾਲੇ ਲਈ ਉਹਨਾਂ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਵਿਦਿਆਰਥੀਆਂ ਲਈ ਇਸ ਤਰ੍ਹਾਂ ਦੇ ਉਦਯੋਗਿਕ ਦੌਰੇ ਬਹੁਤ ਜ਼ਰੂਰੀ ਹਨ ਜਿਸ ਨਾਲ ਉਹ ਨਿਰਮਾਣ ਕਾਰਜਾਂ ਦੀਆਂ ਬਰੀਕੀਆਂ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ।

ਪ੍ਰੋਫੈਸ਼ਰ ਮੋਹਨ ਪਾਲ ਸਿੰਘ ਈਸ਼ਰ, ਉੱਪ ਕੁੱਲਪਤੀ (ਮ.ਰ.ਸ.ਪ.ਟ.ਯੂ., ਬਠਿੰਡਾ) ਨੇ ਸਿਵਲ ਇੰਜ: ਵਿਭਾਗ ਨੂੰ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਲਈ ਆਯੋਜਿਤ ਕੀਤੇ ਇਸ ਉਦਯੋਗਿਕ ਵਿਜਿਟ ਦੇ ਉਪਰਾਲੇ ਲਈ ਸਰਾਹਿਆ ਗਿਆ।